Weekly

# CANADA SIKH TIMES

5 - 11 January 2025

ਕੈਨੇਡਾ ਸਿੱਖ ਟਾਈਮਜ਼

Volume 3 Issue 1

• RELIGION • CULTURE • HERITAGE • BUSINESS

## Indian-American Couple Scales Everest, Setting Record as First Sikh Duo

For most Indian-American couples, mornings begin with a quick breakfast before diving into the hustle and bustle of daily life. But for Harpreet Singh Cheema and Navneet Kaur Cheema, adventure is their breakfast conversation. What started as a shared passion for marathons and mountain bike rides 15 years ago reached new heights—literally—on May 23, 2024, when they conquered Mount Everest. Harpreet, 47, and Navneet, 40, became the first American couple of Indian origin and the first Sikh couple to summit the world's highest peak. In the thin air at 29,032 feet, they offered prayers for world peace, equality, and environmental harmony. Their spiritual moment on Everest's summit was highlighted by a heartfelt recital of "Gagan main thaal," a hymn by Guru Nanak Dev, the founder of Sikhism.

## ਦੌੜਾਕ ਸਰਦਾਰ ਸੁੱਚਾ ਸਿੰਘ ਨੂੰ ਮਿਲੇਗਾ ਅਰਜੁਨ ਪੁਰਸਕਾਰ

ਭਾਰਤ ਸਰਕਾਰ ਦੇ ਖੇਡ ਮੰਤਰਾਲੇ ਦੁਆਰਾ ਰਾਸ਼ਟਰੀ ਖੇਡ ਪੁਰਸਕਾਰ 2024 ਦਾ ਐਲਾਨ ਕੀਤਾ ਗਿਆ ਹੈ। ਇਸ ਵਿੱਚ 34 ਖਿਡਾਰੀਆਂ ਨੂੰ ਅਰਜੁਨ ਐਵਾਰਡ ਲਈ ਚੁਣਿਆ ਗਿਆ ਹੈ। ਜਿਸ ਵਿੱਚ ਜਲੰਧਰ ਦੇ ਰਹਿਣ ਵਾਲੇ 74 ਸਾਲਾ ਸ. ਸੁੱਚਾ ਸਿੰਘ ਦਾ ਨਾਂ ਵੀ ਸ਼ਾਮਲ ਹੈ। ਸੁੱਚਾ ਸਿੰਘ ਨੇ ਜਿੱਥੇ ਭਾਰਤ ਸਰਕਾਰ ਦਾ ਧੰਨਵਾਦ ਕੀਤਾ, ਉਥੇ ਹੀ ਉਨ੍ਹਾਂ ਨੇ ਇਹ ਐਵਾਰਡ ਕਾਫ਼ੀ ਦੇਰ ਨਾਲ ਮਿਲਣ ਦਾ ਅਫ਼ਸੋਸ ਵੀ ਪ੍ਰਗਟ ਕੀਤਾ। ਜਲੰਧਰ ਦੇ ਅਰਬਨ ਅਸਟੇਟ ਦੇ ਵਸਨੀਕ ਸੁੱਚਾ ਸਿੰਘ ਨੇ ਦੱਸਿਆ ਕਿ ਉਸ ਨੇ ਐਵਾਰਡ ਲਈ ਕਈ ਵਾਰ ਅਰਜ਼ੀਆਂ ਦਿੱਤੀਆਂ ਪਰ ਹਰ ਵਾਰ ਅਣਗੌਲਿਆ ਕਰ ਦਿੱਤਾ ਗਿਆ। ਇਹ ਐਵਾਰਡ 50 ਸਾਲ ਪਹਿਲਾਂ ਦਿੱਤਾ ਜਾਣਾ ਚਾਹੀਦਾ ਸੀ। ਉਸ ਸਮੇਂ ਦੇ ਆਰਮੀ ਕੈਪਟਨ, 4 ਵਾਰ ਦੇ ਓਲੰਪੀਅਨ ਜਲੰਧਰ ਦੇ ਹਰੀਪਾਲ ਕੌਸ਼ਿਕ ਵੀਰ ਚੱਕਰ ਦੀ ਸਿਖਲਾਈ ਦਿੰਦੇ ਸਨ। ਇੱਥੋਂ ਹੀ ਰੰਗਤ ਦੀ ਇੰਟਰ ਚੈਂਪੀਅਨਸ਼ਿਪ ਵਿੱਚ 100, 200 ਵਿੱਚ ਸੋਨ ਤਗ਼ਮਾ ਅਤੇ ਲੰਬੀ ਛਾਲ ਵਿੱਚ ਚਾਂਦੀ ਦਾ ਤਗ਼ਮਾ ਜਿੱਤ ਕੇ ਸਫ਼ਰ ਦੀ ਸ਼ੁਰੂਆਤ ਹੋਈ।

## Harmanpreet Singh receive Khel Ratna

Harmanpreet Singh, who was named Khel Ratna winner alongside Gukesh, Praveen, and Bhaker, credits his daughter for changing his fortunes and inspiring success. For Indian hockey team captain Harmanpreet Singh, 2025 is shaping up to be a year to remember. Named as one of this year's Major Dhyan Chand Khel Ratna Award recipients—alongside chess prodigy D Gukesh, para-athlete Praveen Kumar, and Olympic-medal winning shooter Manu Bhaker—Harmanpreet is savouring a moment of recognition that feels deeply personal. "This award is not just for me; it's for everyone who believed in me when times were tough," he shares.

## Jarmanpreet Singh receive Arjun Award

After being conferred with the Arjuna Award by the central government, Indian hockey stars Jarmanpreet Singh said that more responsibilities and motivation come to a player when they get conferred with national awards and they will continue playing good hockey and working harder for their country. Indian men's hockey players Jarmanpreet Singh, Sanjay, Abhishek, Sukhjeet Singh and women's hockey team captain Salima Tete have been awarded Arjuna Awards for outstanding performance in Sports and Games 2024. The awardees will receive their awards from President Droupadi Murmu at a specially organized function at Rashtrapati Bhavan on January 17, 2025.

DESH VIDESH

# Dr. Amarjit Singh Marwah
# A Sikh pioneer in America passed away

- Dr. Rajwant Singh

My uncle, (Masad Ji), a well-known and respected philanthropist in both the United States and India, is credited as being the first dentist of Indian heritage to practice in America. After finishing high school from Kot Kapura, Punjab, he joined college in Lahore and also graduated with a degree in Dentistry from there.

Dr. Marwah came to the U.S. on a Fulbright scholarship under the Guggenheim Foundation to study pediatric dentistry in New York in 1953 - an amazing achievement in those times. Later, he enrolled at the University of Illinois at Chicago where he received a master's degree.

From there, he attended Howard University in Washington, D.C., where he received a doctorate in dentistry, allowing him to practice in the United States.

Dr. Marwah arrived in Los Angeles in 1962 and joined the faculty in the School of Dentistry at the University of Southern California and opened his private practice.

He was the first person of color to desegregate Los Angeles' medical professional building and lived in nearby Baldwin Hills. Dr. Marwah worked as a dentist for 50 years completely on referral, with some of his clients including Hollywood royalty like Elizabeth Taylor, as well as impoverished people whom he treated at USC's Dental Clinic. Both Howard and Illinois Universities have established a special recognition for his contributions.

Along with professionally having a very lucrative career, Dr. Marwah also always kept close touch with the community. He was active in politics and was close to a very popular Mayor Bradley of Los Angeles and held a series of high profile positions in Southern California. He was also a co-founder of the Bank of Punjab, along with Dr. Inderjit Singh of Punjab and Sindh Bank.

Dr. Marwah was also known as the Founder of the first Sikh Gurudwara in Los Angeles in 1969. He also helped finance and support Dalip Singh Saund in the late 1950s, who was the first ever United States Congressman of South Asian descent.

His hospitality has been legendary and innumerable needy people have been helped by him personally in USA. In addition, he has supported many humanitarian causes in Punjab. He started KK Marwah Girls College (named after his wife, Kuljit Kaur Marwah) in Faridkot, Punjab. In Mahindra College, Patiala, he helped build an auditorium in his mother in law, Kartar Kaur Sodhi's name with matching funds. Also modernized a historical village in Punjab recently.

Dr. Amarjit Singh Marwah was a successful professional, a committed citizen, a dedicated Sikh, and a humanitarian who made enormous contribution to enrich the lives of many. He has been the most popular Sikh in Southern California who has hosted strangers as well many American and Indian luminaries and bollywood personalities and hosted countless fundraisers for number of causes. He was still active till very end and was in Chardi Kala always!

HERITAGE

## ਯੂ.ਕੇ. ਜਾਣ ਵਾਲੇ ਕੈਨੇਡੀਅਨ ਯਾਤਰੀਆਂ ਲਈ ਈ.ਟੀ.ਏ. ਲਾਜ਼ਮੀ

8 ਜਨਵਰੀ 2025 ਤੋਂ ਯੂਨਾਈਟੇਡ ਕਿੰਗਡਮ ਵਿੱਚ ਛੇ ਮਹੀਨਿਆਂ ਤੋਂ ਘੱਟ ਸਮੇਂ ਲਈ ਯਾਤਰਾ ਕਰਨ ਵਾਲੇ ਕੈਨੇਡੀਅਨਜ਼ ਲਈ ਇਲੈਕਟ੍ਰੌਨਿਕ ਟ੍ਰੈਵਲ ਆਥਰਾਈਜ਼ੇਸ਼ਨ (ETA) ਲੈਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਇਸ ਪ੍ਰਣਾਲੀ ਤਹਿਤ ਯਾਤਰੀਆਂ ਨੂੰ ਆਪਣੇ ਪਾਸਪੋਰਟ ਵੇਰਵੇ, ਯਾਤਰਾ ਦੀਆਂ ਤਰੀਕਾਂ ਅਤੇ ਆਵਾਜਾਈ ਦੇ ਢੰਗਾਂ ਬਾਰੇ ਜਾਣਕਾਰੀ ਜਮ੍ਹਾਂ ਕਰਾਉਣੀ ਪਵੇਗੀ, ਜਿਸਦਾ ਸੁਰੱਖਿਆ ਮਾਪਦੰਡਾਂ ਅਧੀਨ ਅਧਿਕਾਰੀਆਂ ਦੁਆਰਾ ਮੁਲਾਂਕਣ ਕੀਤਾ ਜਾਵੇਗਾ।

ਟੋਰਾਂਟੋ ਮੈਟਰੋਪੌਲੀਟਨ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਵੇਨ ਸਮਿਥ ਨੇ ਇਸ ਨਵੇਂ ਤਰੀਕੇ ਨੂੰ ਕ੍ਰੈਡਿਟ ਕਾਰਡ ਲਈ ਪ੍ਰੀ-ਅਪਰੂਵਲ ਪ੍ਰਕਿਰਿਆ ਨਾਲ ਤੁਲਨਾ ਕੀਤੀ। ਸਮਿਥ ਨੇ ਕਿਹਾ ਕਿ ਇਸ ਪ੍ਰਣਾਲੀ ਦਾ ਮੁੱਖ ਉਦੇਸ਼ ਸੁਰੱਖਿਆ ਬੜ੍ਹਾਉਣਾ ਅਤੇ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਵਧੇਰੇ ਨਿਰਧਾਰਿਤ ਬਣਾਉਣਾ ਹੈ। ਅਰਜ਼ੀਆਂ ਦੀ ਸਮੀਖਿਆ ਕਰਨ ਲਈ ਇੱਕ ਵਿਸ਼ਵਵਿਆਪੀ ਡਾਟਾਬੇਸ ਦੀ ਵਰਤੋਂ ਕੀਤੀ ਜਾਵੇਗੀ, ਜੋ ਸਿਆਸਤ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਨੂੰ ਹਲ ਕਰਨ ਵਿੱਚ ਸਹਾਇਕ ਸਿੱਧ ਹੋਵੇਗਾ। ETA ਪ੍ਰਣਾਲੀ ਦਾ ਵਾਧਾ ਸਿਰਫ਼ ਯੂਕੇ ਤੱਕ ਸੀਮਿਤ ਨਹੀਂ ਹੈ। ਯੂਰਪੀਅਨ ਯੂਨੀਅਨ ਇਸੇ ਤਰ੍ਹਾਂ ਦੀ ਪ੍ਰਣਾਲੀ 2025 ਦੇ ਅੰਤ ਤੱਕ ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ। ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਵੀ ਇਹ ਪ੍ਰਣਾਲੀ ਸਥਾਪਿਤ ਕੀਤੀ ਜਾ ਸਕਦੀ ਹੈ। ETA ਦੀ ਅਰਜ਼ੀ ਲਈ ਕੀਮਤ 10 ਪੌਂਡ (ਕਰੀਬ 18 ਕੈਨੇਡੀਅਨ ਡਾਲਰ) ਹੈ। ਸਮਿਥ ਨੇ ਚੇਤਾਵਨੀ ਦਿੱਤੀ ਕਿ ਇਹ ਕੀਮਤ ਸਿਆਸੀ ਕਾਰਨਾਂ ਜਾਂ ਮੰਗ ਦੇ ਆਧਾਰ 'ਤੇ ਵਧਾਈ ਜਾ ਸਕਦੀ ਹੈ। ਵਿਸ਼ੇਸ਼ ਤੌਰ 'ਤੇ ਬਜ਼ੁਰਗ ਯਾਤਰੀ, ਜੋ ਡਿਜੀਟਲ ਸਿਸਟਮ ਵਿੱਚ ਪਿੱਛੇ ਰਹਿੰਦੇ ਹਨ, ਇਸ ਪ੍ਰਣਾਲੀ ਨੂੰ ਚਲਾਉਣ ਵਿੱਚ ਮੁਸ਼ਕਿਲਾਂ ਦਾ ਸਾਹਮਣਾ ਕਰ ਸਕਦੇ ਹਨ। ⌘⌘

## ਵਿਦੇਸ਼ ਜਾਣ ਵਾਲਿਆਂ ਤੋਂ ਭਾਰਤ ਸਰਕਾਰ ਲਵੇਗੀ 19 ਤਰ੍ਹਾਂ ਦੀ ਨਿੱਜੀ ਜਾਣਕਾਰੀ

ਭਾਰਤ ਸਰਕਾਰ ਵਿਦੇਸ਼ ਜਾਣ ਵਾਲੇ ਹਰ ਵਿਅਕਤੀ ਤੋਂ 19 ਤਰ੍ਹਾਂ ਦੀ ਨਿੱਜੀ ਜਾਣਕਾਰੀ ਇਕੱਠੀ ਕਰੇਗੀ। ਇਹ ਕਦਮ ਤਸਕਰੀ 'ਤੇ ਨਜ਼ਰ ਰੱਖਣ ਲਈ ਚੁੱਕਿਆ ਗਿਆ ਹੈ। ਕਸਟਮ ਵਿਭਾਗ ਸਮੇਂ-ਸਮੇਂ 'ਤੇ ਡਾਟੇ ਦਾ ਵਿਸ਼ਲੇਸ਼ਣ ਕਰੇਗਾ। ਜੇਕਰ ਕਿਸੇ ਵਿਅਕਤੀ ਦੀ ਵਿਦੇਸ਼ ਯਾਤਰਾ ਦੌਰਾਨ ਕੋਈ ਸ਼ੱਕੀ ਪੈਟਰਨ ਦੇਖਿਆ ਜਾਂਦਾ ਹੈ ਤਾਂ ਤੁਰੰਤ ਜਾਂਚ ਸ਼ੁਰੂ ਕੀਤੀ ਜਾ ਸਕਦੀ ਹੈ। ਏਅਰਲਾਈਨਾਂ ਲਈ ਯਾਤਰੀਆਂ ਦੇ ਇਸ ਡਾਟਾ ਨੂੰ ਕਸਟਮ ਵਿਭਾਗ ਨਾਲ ਸਾਂਝਾ ਕਰਨਾ ਲਾਜ਼ਮੀ ਬਣਾਉਣ ਦਾ ਪ੍ਰਸਤਾਵ ਹੈ। ਕੇਂਦਰ ਅਸਿੱਧੇ ਟੈਕਸ ਅਤੇ ਕਸਟਮ ਬੋਰਡ (ਸੀਬੀਆਈਸੀ) ਨੇ ਹਾਲ ਹੀ ਵਿੱਚ ਵਿਦੇਸ਼ੀ ਰੂਟਾਂ ਵਾਲੀਆਂ ਸਾਰੀਆਂ ਏਅਰਲਾਈਨਾਂ ਨੂੰ 10 ਜਨਵਰੀ ਤੱਕ ਨਵੇਂ ਪੋਰਟਲ 'ਐੱਨਸੀਟੀਸੀ-ਪੈਕਸ' 'ਤੇ ਰਜਿਸਟਰ ਕਰਨ ਲਈ ਕਿਹਾ ਹੈ।

## ਬੀ.ਸੀ. ਦੀ ਸੂਬਾਈ ਰੈਸਲਿੰਗ ਟੀਮ ਵਿੱਚ ਪੰਜਾਬੀ ਪਹਿਲਵਾਨਾਂ ਦੀ ਬੱਲੇ ਬੱਲੇ

ਬੀ.ਸੀ. ਸੂਬੇ ਦੇ 19 ਸਾਲ ਤੋਂ ਘੱਟ ਉਮਰ ਦੇ ਪਹਿਲਵਾਨਾਂ ਨੇ ਸੂਬਾਈ ਟੀਮ ਵਿੱਚ ਪੰਜਾਬੀਆਂ ਦੀ ਬੱਲੇ ਬੱਲੇ ਕਰਵਾ ਦਿੱਤੀ ਹੈ। ਸੂਬਾਈ ਟੀਮ ਦੇ ਕੁੱਲ 24 ਪਹਿਲਵਾਨਾਂ ਵਿੱਚੋਂ 15 ਪਹਿਲਵਾਨ (12 ਲੜਕੇ ਅਤੇ 12 ਲੜਕੀਆਂ) ਪੰਜਾਬੀ ਮੂਲ ਦੇ ਹਨ। ਇਹ ਸੂਬਾਈ ਟੀਮ 3 ਤੋਂ 5 ਜਨਵਰੀ 2025 ਤੱਕ ਕੈਲਗਰੀ (ਅਲਬਰਟਾ) ਵਿਖੇ ਹੋ ਰਹੇ ਅੰਡਰ-19 'ਡੀਨੋਸ ਕੱਪ ਐਂਡ ਕਲਾਸਿਕ ਰੈਸਲਿੰਗ ਟੂਰਨਾਮੈਂਟ' ਵਿੱਚ ਭਾਗ ਲਵੇਗੀ। ਇਹ ਸਾਰੇ ਪਹਿਲਵਾਨ ਸੂਬੇ ਦੇ 10 ਵੱਖ ਵੱਖ ਕਲੱਬਾਂ ਨਾਲ ਸੰਬੰਧਿਤ ਹਨ ਜਿਹਨਾਂ ਵਿੱਚ 6 ਪੰਜਾਬੀ ਕਲੱਬ ਸ਼ਾਮਲ ਹਨ। ਪੰਜਾਬੀ ਪਹਿਲਵਾਨਾਂ ਦੀ ਝੰਡੀ ਗੱਡਣ ਵਾਲੇ ਪਹਿਲਵਾਨਾ ਵਿਚ ਇਰਾਬੀਰ ਸੂਚ, ਗੁਰਲੀਨ ਕੌਰ ਢਿੱਲੋਂ, ਤਰਨਪ੍ਰੀਤ ਕੌਰ ਢਿੱਲੋਂ, ਜੈਰੀਤ ਬਾਹੀ, ਖੁਸ਼ਲੀਨ ਕੌਰ ਝੱਲੀ, ਤਮਨ ਮੁੰਡੀ, ਅੰਬਿਕਾ ਸ਼ੇਰਾਵਤ, ਗੌਰਵ ਬਾਹੀ, ਕਰਨਜੋਤ ਸਿੰਘ ਢਿਲੋਂ, ਗੁਰਸ਼ੇਰ ਜੌਹਲ, ਰੀਲੇ ਝੂਟੀ, ਜੋਬਨਪ੍ਰੀਤ ਜੌਹਲ, ਹਰਜੋਤ ਸਿੰਘ ਸ਼ੇਰਗਿੱਲ, ਗੁਰਕਰਨ ਸਿੰਘ ਗਿੱਲ ਅਤੇ ਉਦੇਪ੍ਰਤਾਪ ਬਿਲਨ ਸ਼ਾਮਲ ਹਨ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਕਿਹੜੇ ਕਾਰਨਾਂ ਕਰਕੇ ਲੋਹੜੀ ਦਾ ਤਿਉਹਾਰ ਸਿੱਖ ਸੱਭਿਆਚਾਰ ਨਾਲ ਮੇਲ ਨਹੀਂ ਖਾਂਦਾ?**

a. ਇਹ ਅਗਨ ਦੇਵਤਾ ਦੀ ਪੂਜਾ ਹੈ।
b. ਰਿਜਕ ਨੂੰ ਅੱਗ ਵਿੱਚ ਪਾਣਾ ਸਮਝਦਾਰੀ ਨਹੀਂ।
c. ਵਾਤਾਵਰਣ ਦਾ ਨੁਕਸਾਨ ਹੁੰਦਾ ਹੈ।
d. ਉਪਰੋਕਤ ਸਾਰੇ ਕਾਰਨਾਂ ਕਰਕੇ।

**2. In the first 13 pages of Guru Granth Sahib which Nitnem Bani has the word ਜਤੁ which means good character?**

a. Japji
b. Sodar
c. So Purakh
d. Sohila

**3. What is the foremost responsibility of our Scholars towards the youth?**

a. To present the Scientific view of Sikh Doctorine
b. Discard the Concocted stories from their writings
c. To base their research of history on Gurbani principles
d. All of these

(ਦੇਖੋ ਉੱਤਰ ਪੰਨਾ 4 'ਤੇ)

# ਚੌਥੀ ਸਲਾਨਾ ਧਾਰਮਿਕ ਪ੍ਰਤੀਯੋਗਤਾ: ਅਮਰੀਕਾ ਦੇ ਈਸਟ-ਕੋਸਟ ਦੀਆਂ 7 ਸਟੇਟਾਂ ਵਿਚ ਕਰਵਾਏ ਗਏ ਬੱਚਿਆਂ ਦੇ ਮੁਕਾਬਲੇ

ਸਿੱਖ ਕੌਮ ਦੇ ਮਾਣਮੱਤੇ ਇਤਿਹਾਸ, ਵਿਰਸੇ ਤੇ ਗੁਰਬਾਣੀ ਨਾਲ ਜੋੜਣ ਲਈ ਵਰਲਡ ਸਿੱਖ ਪਾਰਲੀਮੈਂਟ ਦੀਆਂ ਵਿਦਿਅਕ, ਧਾਰਮਿਕ ਕੌਂਸਲਾਂ ਵਲੋਂ ਗੁਰੂ ਸਾਹਿਬ ਦੀ ਕਿਰਪਾ ਨਾਲ ਵੱਖ ਵੱਖ ਪ੍ਰੋਗਰਾਮ ਉਲੀਕੇ ਜਾਂਦੇ ਹਨ। ਅਮਰੀਕਾ ਵਿਚ ਹਰ ਸਾਲ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਧਾਰਮਿਕ ਪ੍ਰਤੀਯੋਗਤਾ ਮੁਕਾਬਲੇ ਕਰਵਾਏ ਜਾਂਦੇ ਹਨ। ਜਿਸ ਨਾਲ ਕਿ ਪੱਛਮੀ ਸੱਭਿਆਚਾਰ ਦੇ ਅਸਰ ਹੇਠ ਆਪਣੇ ਮਾਣਮੱਤੇ ਇਤਿਹਾਸ ਤੋਂ ਦੂਰ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਮੁੜ ਦੁਨੀਆਂ ਦੇ ਇਤਿਹਾਸ ਵਿਚ ਨਿਵੇਕਲੇ ਇਸ ਲਾਸਾਨੀ ਸਿੱਖ ਵਿਰਸੇ ਬਾਰੇ ਜਾਣੂ ਕਰਵਾਕੇ ਜੋੜਿਆ ਜਾ ਸਕੇ।

ਇਸ ਪ੍ਰੋਗਰਾਮ ਲਈ ਬੱਚਿਆਂ ਨੂੰ ਤਿੰਨ ਉਮਰ ਵਰਗਾਂ ਵਿਚ ਰੱਖਿਆ ਜਾਂਦਾ ਹੈ, ਅਤੇ ਹਰ ਵਰਗ ਦੇ ਬੱਚਿਆਂ ਨੇ ਸਵਾਲ-ਜਵਾਬ (ਕੁਇਜ਼), ਗੁਰਬਾਣੀ ਕੰਠ ਅਤੇ ਸਪੀਚ ਦੇ ਨਾਲ-ਨਾਲ ਇਸ ਵਾਰ ਤੀਰਅੰਦਾਜ਼ੀ ਦੇ ਮੁਕਾਬਲਿਆਂ ਵਿਚ ਵੀ ਹਿਸਾ ਲਿਆ। 30 ਨਵੰਬਰ ਤੋ ਸ਼ੁਰੂ ਹੋ ਕੇ 21 ਦਸੰਬਰ ਤੱਕ ਚੱਲੇ ਇਸ ਪ੍ਰੋਗਰਾਮ ਵਿਚ ਹਰ ਵੀਕਐਂਡ ਤੇ ਸ਼ੁੱਕਰ, ਸ਼ਨੀ ਤੇ ਐਤਵਾਰ ਨੂੰ ਮੁਕਾਬਲਿਆਂ ਲਈ ਸੱਤ ਸਟੇਟਾਂ ਵਿਚ ਵੱਖ ਵੱਖ ਪੰਦਰਾਂ ਸੈਂਟਰ ਬਣਾਏ ਗਏ। ਜਿੰਨ੍ਹਾਂ ਵਿੱਚ ਸੱਤ ਸੌ ਤੋਂ ਵੱਧ ਬੱਚਿਆਂ ਨੇ ਹਿਸਾ ਲਿਆ। ਇਸ ਧਾਰਮਿਕ ਪ੍ਰਤੀਯੋਗਤਾ ਦਾ ਫਾਈਨਲ ਪ੍ਰੋਗਰਾਮ 21 ਦਸੰਬਰ 2024 ਨੂੰ ਸਿੱਖ ਗੁਰਦੁਆਰਾ ਆਫ ਪਾਈਨਹਿੱਲ, ਨਿਊਜਰਸੀ ਦੇ ਵਿਚ ਕਰਵਾਇਆ ਗਿਆ। ਜਿਥੇ ਕੇ ਸਾਰੇ 15 ਸੈਂਟਰਾਂ ਤੋਂ ਤਿੰਨਾਂ ਵਰਗਾਂ ਵਿਚੋਂ ਅੱਵਲ ਰਹੇ ਬੱਚਿਆਂ ਨੇ ਫਾਈਨਲ ਸਪੀਚ ਮੁਕਾਬਲੇ ਵਿਚ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ 1984 ਨਾਲ ਸਬੰਧਤ ਆਪੋ ਆਪਣੇ ਵਿਸ਼ਿਆਂ ਬਾਰੇ ਬਹੁਤ ਭਾਵਪੂਰਤ ਸਪੀਚਾਂ ਦਿੱਤੀਆਂ।

ਪ੍ਰੋਗਰਾਮ ਦੇ ਅਖੀਰ ਵਿਚ ਇਕ ਬਹੁਤ ਹੀ ਪ੍ਰਭਾਵਸ਼ਾਲੀ ਇਨਾਮ ਵੰਡ ਸਮਾਗਮ ਹੋਇਆ। ਜਿਸ ਦੌਰਾਨ ਈਸਟ-ਕੋਸਟ ਦੀਆਂ ਪ੍ਰਸਿੱਧ ਹਸਤੀਆਂ ਅਤੇ ਸਿੱਖ ਲੀਡਰਾਂ ਨੇ ਆਪਣੇ ਕਰ ਕਮਲਾਂ ਨਾਲ ਮੁਕਾਬਲਿਆਂ ਵਿਚ ਪਹਿਲੇ, ਦੂਜੇ, ਤੀਜੇ ਸਥਾਨ ਤੇ ਰਹਿਣ ਵਾਲੇ ਬੱਚਿਆਂ ਨੂੰ ਬਹੁਤ ਹੀ ਆਕਰਸ਼ਕ ਅਤੇ ਵੱਡੇ ਇਨਾਮ ਦਿਤੇ, ਅਤੇ ਨਾਲ ਹੀ ਸਾਰੇ ਭਾਗ ਲੈਣ ਵਾਲੇ ਬੱਚਿਆਂ ਨੂੰ ਗਿਫਟ-ਕਾਰਡ ਦਿੱਤੇ ਗਏ। ਸਾਰੇ ਗੁਰਦੁਆਰਾ ਸੈਂਟਰਾਂ ਨੂੰ ਵਿਸ਼ੇਸ਼ ਯਾਦਗਾਰੀ ਸਨਮਾਨ ਭੇਟ ਕੀਤੇ ਗਏ।




## SIKH MATRIMONIALS

Gursikh Match required for 28 years old boy height 5 feet 8 inches working with a reputed airline as aeronautical engineer. Canada PR holder. Please contact +91 9971863565 (India)

Gursikh Boy 31/5'9" PHD Research Associate, Concordia University, Montreal, Canada Father in Business, Mother Post Graduate Contact +91 98111 32504

Required Canadian Born Sikh match for Gursikh girl 29/5'4" in Govt job at Ottwa. No cast bar, Boy should be Turbaned ND/NT. Contact +1613 330 6319

Gursikh boy29/5'10"/BTech/Working in Canada as Project Manager in MNC/Father retired from Air India/ Contact +1 905 782 3495

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. A 3. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)